ਦਫਤਰ ਨਗਰ ਕੌਂਸਲ ਗੁਰਾਇਆ

ਪਬਲਿਕ ਨੋਟਿਸ

ਨਗਰ ਕੋਂਸਲ ਗੁਰਾਇਆ ਵਲੋਂ ਆਪਣਾ ਮਤਾ ਨੰ 02 ਮਿਤੀ 30/06/2021 ਅਤੇ ਇਸ ਮਤੇ ਦੀ ਪ੍ਰਵਾਨਗੀ ਸਬੰਧੀ ਸਰਕਾਰ ਦੇ ਪੱਤਰ ਨੰ.ਅਸ4-ਡੁਸਸ-(ਅਮਲਾ ਸ਼ਾਖਾ)-2021/28006 ਮਿਤੀ 16/07/2021 ਅਨੁਸਾਰ ਕਿਰਤ ਵਿਭਾਗ ਵਲੋਂ (ਨਿਰਧਾਰਿਤ ਰੇਟ ਡੀ.ਸੀ ਰੇਟ) ਤੇ 59 ਸਫਾਈ ਸੇਵਕ ਨੂੰ ਕੰਟਰੈਕਟ ਤੇ ਰੱਖਿਆ ਜਾਣਾ ਹੈ। ਇਸ ਲਈ ਪੰਜਾਬ ਦੇ ਵਸਨੀਕ ਚਾਹਵਾਨ ਉਮੀਦਵਾਰ ਤੋਂ ਮਿਤੀ 22/11/2021 ਤੱਕ ਹੇਠ ਲਿਖੇ ਪ੍ਰੋਫਾਰਮੇ ਵਿੱਚ ਬਿਨੈ ਪੱਤਰਾਂ (ਸਮੇਤ ਦਸਤਾਵੇਜਾਂ ਦੀਆਂ ਕਾਪੀਆਂ) ਦੀ ਮੰਗ ਕੀਤੀ ਜਾਂਦੀ ਹੈ। ਚਾਹਵਾਨ ਉਮੀਦਵਾਰ ਮਿਤੀ 22/11/2021 ਸ਼ਾਮਂ 4.00 ਵਜੇ ਤੱਕ ਰਜਿਸਟਰਡ ਡਾਕ ਰਾਹੀ (ਕਾਰਜ ਸਾਧਕ ਅਫਸਰ,ਨਗਰ ਕੋਂਸਲ ਗੁਰਾਇਆ ਦੇ ਨਾਮ ਤੇ ਜਾਂ ਦਸਤੀ ਤੋਰ ਤੇ ਬਿਨੈ ਪੱਤਰ ਸਮੇਤ ਦਸਤਾਵੇਜ਼ ਦੀਆਂ ਕਾਪੀਆਂ) ਦਫਤਰ ਨਗਰ ਕੋਂਸਲ ਗੁਰਾਇਆ ਵਿਖੇ ਦਫਤਰੀ ਕੰਮ ਕਾਜ ਵਾਲੇ ਦਿਨ ਸਮਂ ਸਵੇਰੇ 10:00 ਵਜੇ ਤੋਂ ਸ਼ਾਮ 4:00 ਵਜੇ ਤੱਕ ਜਮਾਂ ਕਰਵਾ ਸਕਦੇ ਹਨ। ਨਿਰਧਾਰਿਤ ਮਿਤੀ ਤੋਂ ਬਾਅਦ ਪ੍ਰਾਪਤ ਹੋਏ ਬਿਨੈ ਪੱਤਰਾਂ ਤੇ ਗੋਰ ਨਹੀ ਕੀਤੀ ਜਾਵੇਗੀ। ਚਾਹਵਾਨ ਉਮੀਦਵਾਰਾਂ ਵਲੋਂ ਬਿਨੈ-ਪੱਤਰ ਵਿੱਚ ਦਰਜ ਦਸਤਾਵੇਜਾਂ ਦੀਆਂ ਸਵੈ ਤਸਦੀਕ ਕਾਪੀਆਂ ਨਾਲ ਨੱਥੀ ਕੀਤੀਆਂ ਜਾਣ। ਇਸ ਤੋ ਇਲਾਵਾ ਚਾਹਵਾਨ ਉਮੀਦਵਾਰ ਹੇਠ ਲਿਖੀਆਂ ਸ਼ਰਤਾਂ ਪੂਰੀਆਂ ਕਰਦਾ ਹੋਣਾ ਚਾਹੀਦਾ ਹੈ :-

1) ਉਮੀਦਵਾਰ ਉਪਰੋਕਤ ਅਸਾਮੀ ਲਈ ਨਿਰਧਾਰਿਤ ਯੋਗਤਾ (Literate ਹੋਵੇ)ਪੂਰੀ ਕਰਦਾ ਹੋਵੇ।

2) ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸਫਾਈ ਸੇਵਕ ਦੀਆਂ ਨਿਯੁਕਤੀਆਂ ਲਈ ਸਥਾਨਕ ਸਰਕਾਰ ਵਿਭਾਗ ਵਿੱਚ ਘੱਟ ਤੋਂ ਘੱਟ 3 ਸਾਲ ਤਜਰਬੇ ਵਾਲੇ ਨੂੰ ਪਹਿਲ ਦਿੱਤੀ ਜਾਵੇਗੀ ਅਤੇ ਤਜਰਬੇ ਦੇ ਅਰਸੇ ਦੇ ਆਧਾਰ ਤੇ Weightage ਦਿੱਤੀ ਜਾਵੇਗੀ। ਜ਼ੋ ਉਮੀਦਵਾਰ ਪਹਿਲਾਂ ਹੀ ਨਗਰ ਕੋਂਸਲ ਗੁਰਾਇਆ ਵਿੱਚ ਕੰਮ ਕਰ ਰਿਹਾ ਹੈ, ਉਸਦੀ ਯੋਗਤਾ, ਜਿਸ ਮਿਤੀ ਤੋਂ ਉਮੀਦਵਾਰ ਨਗਰ ਕੋਂਸਲ ਗੁਰਾਇਆ ਵਿੱਚ ਕੰਮ ਕਰ ਰਿਹਾ ਹੈ, ਉਸ ਮਿਤੀ ਤੋਂ ਮਿੱਥੀ ਜਾਵੇਗੀ।

3) ਇਸ ਤੋਂ ਇਲਾਵਾ ਨਿਰਧਾਰਿਤ ਉਮਰ ਹੱਦ ਅਨੁਸਾਰ ਭਾਵ ਉਮੀਦਵਾਰ ਦੀ ਉਮਰ ਮਿਤੀ 1/1/2021 ਨੂੰ 18 ਸਾਲ ਤੋਂ 37 ਸਾਲ ਦੇ ਵਿਚਕਾਰ ਹੋਣੀ ਚਾਹੀਦੀ ਹੈ। ਇਹਨਾਂ ਨਿਯੁਕਤੀਆਂ ਵਿੱਚ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਰਿਜਰਵੇਸ਼ਨ ਪਾਲਿਸੀ ਲਾਗੂ ਕੀਤੀ ਜਾਵੇਗੀ ਅਤੇ ਉਮਰ ਦੀ ਬਣਦੀ ਛੋਟ ਦਿੱਤੀ ਜਾਵੇਗੀ।

4) ਉਮੀਦਵਾਰ ਵਿਰੁੱਧ ਕੋਈ ਵੀ ਫੋਜਦਾਰੀ ਕੇਸ ਨਾ ਚੱਲ ਰਿਹਾ ਹੋਵੇ। ਇਸ ਸਬੰਧੀ ਉਮੀਦਵਾਰ ਤੋਂ ਸਵੈ ਘੋਸ਼ਣਾ ਵੀ ਨਾਲ ਨੱਥੀ ਕੀਤਾ ਜਾਵੇ।

5) ਉਮੀਦਵਾਰ ਪੰਜਾਬ ਦਾ ਪੱਕਾ ਵਸਨੀਕ ਹੋਵੇ।

6) ਸਫਾਈ ਕਰਮਚਾਰੀਆਂ ਦੀ ਨਿਯੁਕਤੀ ਪੰਜਾਬ ਮਿਉਂਸਪਲ ਸਫਾਈ ਕਰਮਚਾਰੀ ਸੇਵਾ ਨਿਯਮ 1984 ਅਧੀਨ ਕੀਤੀ ਜਾਣੀ ਹੈ। ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸਫਾਈ ਸੇਵਕਾਂ ਦੀਆਂ ਨਿਯੁਕਤੀਆਂ ਲਈ ਸਥਾਨਕ ਸਰਕਾਰ ਵਿਭਾਗ ਵਿੱਚ ਅਤੇ ਨਿਯੁਕਤੀ ਲਈ ਘਟੋ-ਘੱਟ ਉਮਰ ਵਿੱਚ ਉਮੀਦਵਾਰ ਦੇ ਤਜਰਬੇ ਦੇ ਬਰਾਬਰ ਛੋਟ ਦਿੱਤੀ ਜਾਵੇਗੀ।

7) ਨਗਰ ਕੋਂਸਲ ਗੁਰਾਇਆ ਵਲੋਂ ਨਿਯੁਕਤ ਕੀਤੇ ਜਾਣ ਵਾਲੇ ਸਫਾਈ ਸੇਵਕਾਂ ਤੋਂ ਸਫਾਈ ਦੇ ਕੰਮ/ਸੀਵਰੇਜ਼ ਦੇ ਕੰਮ, ਨਾਲੇ /ਨਾਲੀਆਂ ਦੀ ਸਫਾਈ, ਕੂੜਾ ਲਿਫਟਿੰਗ, ਸੋਲਿਡ ਵੇਸਟ ਮੈਨੇਜਮੈਂਟ ਦੇ ਕੰਮ, ਕੂੜਾ ਸੈਗਰੀਕੇਸ਼ਨ, ਪਿਟਾ ਦਾ ਰੱਖ-ਰਖਾਵ, ਪਬਲਿਕ ਟੂਆਇਲਟ(CT/PT) ਦੀ ਸਾਫ-ਸਫਾਈ, ਮੁਰਦਾ ਜਾਨਵਰਾਂ ਦੀ ਲਿਫਟਿੰਗ, ਮਾਲੀ/ਬੇਲਦਾਰ/ਕੁਲੀ ਅਤੇ ਪੰਜਾਬ ਮਿਉਂਸਪਲ ਸਫਾਈ ਕਰਮਚਾਰੀ ਸਰਵਿਸਸ ਰੂਲਜ 1984 ਦੇ ਰੂਲ ਨੰ 21 ਅਤੇ ਸਰਕਾਰ ਦੇ ਨਿਰਦੇਸ਼ਾ ਅਨੁਸਾਰ ਕਿਸੇ ਵੀ ਤਰਾਂ ਦਾ ਕੰਮ ਲਿਆ ਜਾ ਸਕਦਾ ਹੈ।

8) ਉਮੀਦਵਾਰ ਫਿਜੀਕਲੀ ਫਿੱਟ ਹੋਣਾ ਚਾਹਿਦਾ ਹੈ ਅਤੇ ਚੰਗੇ ਚਾਲ-ਚਲਣ ਵਾਲਾ ਹੋਣਾ ਚਾਹਿਦਾ ਹੈ।

9) ਨਿਰਧਾਰਿਤ ਮਿਤੀ ਤੋਂ ਬਾਅਦ ਪ੍ਰਾਪਤ ਹੋਏ ਬਿਨੈ ਪੱਤਰਾਂ ਤੇ ਗੋਰ ਨਹੀ ਕੀਤੀ ਜਾਵੇਗੀ।

10) ਨਗਰ ਕੋਂਸਲ ਵੱਲੋ ਪਹਿਲਾ ਤੋਂ ਆਊਟਸੋਰਸ ਰਾਹੀ ਕੰਮ ਕਰ ਰਹੇ ਕਰਮਚਾਰੀਆਂ ਨੂੰ ਪ੍ਰਤੀ ਸਾਲ ਤਜਰਬੇ ਦਾ 1 ਅੰਕ ਦਿੱਤਾ ਜਾਵੇਗਾ।

ਕੰਨਟਰੈਕਟ ਬੇਸ ਤੇ ਸਫਾਈ ਸੇਵਕ/ਸੀਵਰਮੈਨ ਦੀ ਅਸਾਮੀ ਲਈ ਬਿਨੈ ਪੱਤਰ

ਬਿਨੈਕਾਰ ਦੀ ਤਸਦੀਕਸ਼ੁਦਾ ਫੋਟੋ

ਅਸਾਮੀ ਦਾ ਨਾਮ

1	ਉਮੀਦਵਾਰ ਦਾ ਨਾਮ					
2	ਪਿਤਾ/ਪਤੀ ਦਾ ਨਾਮ					
3	ਜਨਮ ਮਿਤੀ (ਸਬੂਤ ਨਾਲ ਨੱਥੀ)					
4	ਉਮਰ					
5	ਜਨਮ ਦਾ ਸਥਾਨ (ਜਿਲ੍ਹਾ ਤੇ ਰਾਜ)					
6	ਘਰ ਦਾ ਪੱਕਾ ਪਤਾ					
7	ਪੱਤਰ ਵਿਹਾਰ ਲਈ ਪਤਾ					
8	ਟੈਲੀਫੋਨ ਨੰਬਰ/ਮੋਬਾਇਲ ਨੰ.					
9	ਕੈਟਾਗਿਰੀ					
10	ਕੋਮੀਅਤ (Nationality)					
11	ਵਿਦਿਅਕ ਯੋਗਤਾ					
	ਪਾਸ ਪ੍ਰੀਖਿਆ ਦਾ ਨਾਮ	ਬੋਰਡ/ਯੂਨਿਵਰਸਿਟੀ	ਪ੍ਰੀਖਿਆ ਪਾਸ ਕਰਨ ਦਾ ਸਾਲ	ਕੁੱਲ ਅੰਕ	ਪ੍ਰਾਪਤ ਕੀਤੇ ਅੰਕ	ਪ੍ਰਾਪਤ ਕੀਤੇ ਅੰਕਾਂ ਦੀ ਪ੍ਰਤੀਸ਼ਤ

12. ਕੀ ਪੰਜਾਬੀ ਪੜ੍ਹ ਲਿਖ ਸਕਦਾ ਹੈ ? ਹਾਂ ਜਾਂ ਨਹੀ ( )

13 ੳ) ਤਜਰਬਾ (ਕਦੋਂ ਤੋ ਕਦੋਂ ਤੱਕ) ਸੰਸਥਾ ਦਾ ਨਾਂ :

ਨੋਟ : ਤਜਰਬਾ ਕਮਿਸ਼ਨਰ /ਕਾਰਜ ਸਾਧਕ ਅਫਸਰ/ਸੰਸਥਾ ਦੇ ਮੁੱਖੀ ਵਲੋਂ ਰਿਕਾਰਡ ਦੇ ਆਧਾਰ ਤੇ ਵੈਰੀਫਾਈ ਕੀਤਾ ਜਾਵੇਗਾ।

ਅ) ਈ.ਪੀ.ਐਫ ਨੰਬਰ ਜੇਕਰ ਹੈ ਤਾਂ)

ੲ) ਸੈਲਰੀ ਅਕਾਊਂਟ ਨੰਬਰ (ਬੈਂਕ ਡਿਟੇਲ)

ਸਵੈ ਘੋਸਣਾ

ਮੈਂ ..... ਪੁੱਤਰ/ਪੁੱਤਰੀ ਸ੍ਰੀ ..... ਉਮਰ ..... ਘੋਸ਼ਣਾ ਕਰਦਾ /ਕਰਦੀ ਹਾਂ ਕਿ ਮੈਂ ਪੰਜਾਬ ਦਾ ਪੱਕਾ ਵਸਨੀਕ ਹਾਂ ਅਤੇ ਮੇਰੇ ਖਿਲਾਫ ਕੋਈ ਵੀ ਫੋਜਦਾਰੀ ਕੇਸ ਨਹੀ ਚੱਲ ਰਿਹਾ। ਮੇਰੀ ਜਾਣਕਾਰੀ ਅਨੁਸਾਰ ਉਕਤ ਸੂਚਨਾਂ ਅਤੇ ਨੱਥੀ ਦਸਤਾਵੇਜ਼ ਠੀਕ ਅਤੇ ਸਹੀ ਹਨ। ਇਨ੍ਹਾਂ ਵਿੱਚ ਮੈਂ ਕੋਈ ਵੀ ਤੱਥ ਲੁਕਾਇਆ ਨਹੀ ਹੈ। ਜੇਕਰ ਮੇਰੇ ਵਲੋਂ ਦਿੱਤੀ ਗਈ ਸੂਚਨਾਂ ਕਿਸੇ ਸਮੇਂ ਵੀ ਗਲਤ ਪਾਈ ਗਈ ਤਾਂ ਸਮੱਰਥ ਅਥਾਰਟੀ ਨੂੰ ਮੇਰੇ ਵਿਰੁੱਧ ਕਾਨੂੰਨ ਅਨੁਸਾਰ ਕਾਰਵਾਈ ਕਰਨ ਦੀ ਖੁੱਲ ਹੋਵੇਗੀ।

ਮਿਤੀ:

ਸਥਾਨ:

ਨੱਥੀ ਦਸਤਾਵੇਜ਼ 1.
2.
3.

ਉਮੀਦਵਾਰ ਦੇ ਹਸਤਾਖਰ

ਚੇਅਰਮੈਨ , ਸਿਲੈਕਸ਼ਨ ਕਮੇਟੀ-ਕਮ-
ਪ੍ਰਧਾਨ
ਨਗਰ ਕੌਂਸਲ ਗੁਰਾਇਆ

ਮੈਂਬਰ ਸਕੱਤਰ ਸਿਲੈਕਸ਼ਨ ਕਮੇਟੀ -ਕਮ-
ਕਾਰਜ ਸਾਧਕ ਅਫਸਰ
ਨਗਰ ਕੌਂਸਲ ਗੁਰਾਇਆ।